ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP

1986 ਦੇ ਸਰਬੱਤ ਖ਼ਾਲਸਾ ਦੀ 40ਵੀਂ ਵਰ੍ਹੇਗੰਢ ਮੌਕੇ UK 'ਚ ਮਹਾਨ ਪੰਥਕ ਸਮਾਗਮ

ਸਾਊਥਾਲ: UK ਦੇ ਗੁਰਦੁਆਰਿਆਂ, ਪੰਥਕ ਜਥੇਬੰਦੀਆਂ ਅਤੇ ਨੌਜਵਾਨ ਜਥਿਆਂ ਵਲੋਂ ਮਿਲ ਕੇ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਇਤਿਹਾਸਕ ਸਰਬੱਤ ਖ਼ਾਲਸਾ ਦੀ 40ਵੀਂ ਵਰ੍ਹੇਗੰਢ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ 'ਚ ਇੱਕ ਵਿਸ਼ਾਲ ਪੰਥਕ ਸਮਾਗਮ ਸਿੱਖ ਫ਼ੈਡਰੇਸ਼ਨ UK ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਕਰਵਾਇਆ ਗਿਆ।

ਇਹ ਸਰਬੱਤ ਖ਼ਾਲਸਾ 1984 ਦੀ ਸਿੱਖ ਨਸਲਕੁਸ਼ੀ ਅਤੇ ਭਾਰਤੀ ਰਾਜ ਵਲੋਂ ਸਿੱਖ ਕੌਮ 'ਤੇ ਕੀਤੇ ਗਏ ਜ਼ੁਲਮ ਦੇ ਵਿਰੋਧ ਵਜੋਂ ਬੁਲਾਇਆ ਗਿਆ ਸੀ। ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸੰਨ 1986 ਸਰਬੱਤ ਖ਼ਾਲਸਾ 'ਚ ਪਾਸ ਹੋਏ ਇਤਿਹਾਸਕ ਪ੍ਰਸਤਾਵਾਂ ਦੀ ਮਹੱਤਤਾ ਉੱਤੇ ਚਾਨਣ ਪਾਇਆ ਅਤੇ ਸਿੱਖ ਕੌਮ ਦੇ ਅਟੱਲ ਸੰਕਲਪ ਨੂੰ ਦੁਹਰਾਇਆ। ਇਸ ਮੌਕੇ ਜੂਨ 1984 ਦੇ ਸ਼ਹੀਦਾਂ ਨੂੰ ਵਿਸ਼ੇਸ਼ ਤੌਰ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਸਮਾਗਮ 'ਚ ਕਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਮਨਿੰਦਰ ਐਡਵੋਕੇਟ ਪ੍ਰਭਜੋਤ ਫ਼ੈਡਰੇਸ਼ਨ ਔਫ਼ ਸਿੱਖ ਔਰਗਨਾਈਜ਼ੇਸ਼ਨ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਦਵਿੰਦਰਜੀਤ ਸਿੰਘ ਸਲੋਹ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਰਣਧੀਰ ਸਿੰਘ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲ੍ਹੀ, ਹਰਜੀਤ ਸਿੰਘ ਸਰਪੰਚ, ਚਰਨ ਸਿੰਘ (ਬਰਮਿੰਘਮ), ਜਸਪਾਲ ਸਿੰਘ ਬੈਂਸ, ਸਲੋਹ ਦੇ ਸਾਬਕਾ ਮੇਅਰ ਜੋਗਿੰਦਰ ਸਿੰਘ ਬੱਲ, ਨਰਿੰਦਰਜੀਤ ਸਿੰਘ ਥਾਦੀ, ਜਸਵਿੰਦਰ ਸਿੰਘ ਡਰਬੀ, ਬਲਬੀਰ ਸਿੰਘ ਬੀਰਾ, ਹਰਦੀਸ ਸਿੰਘ, ਜਤਿੰਦਰ ਸਿੰਘ ਆਦਿ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਦੁਨੀਆਂ ਦੇ ਹਾਲਾਤ ਸਰਕਾਰਾਂ ਦੇ ਸਿੱਖਾਂ ਨਾਲ ਹੋਈਆਂ ਮੀਟਿੰਗਾਂ 'ਚ ਜਲਦੀ ਖ਼ਾਲਿਸਤਾਨ ਨਵਾਂ ਦੇਸ਼ ਬਣੇਗਾ। ਇਸ ਮੌਕੇ ਭਾਰਤ ਦੀ ਦਮਨ ਨੀਤੀ ਖਿਲਾਫ਼ ਬੁਲਾਰਿਆਂ ਨੇ ਖੁੱਲ੍ਹ ਕੇ 'ਚਾਰ ਰੱਖੇ। ਉਨ੍ਹਾਂ ਕਿਹਾ ਕਿ ਸਰਬੱਤ ਖ਼ਾਲਸਾ ਸਿੱਖ ਕੌਮ ਦੀ ਸਾਂਝੀ ਆਵਾਜ਼ ਅਤੇ ਫ਼ੈਸਲਾ ਕਰਨ ਦੀ ਸਭ ਤੋਂ ਉੱਚੀ ਪੰਥਕ ਸੰਸਥਾ ਹੈ ਜਿਸ ਦੀ ਮਹੱਤਤਾ ਅੱਜ ਵੀ ਓਨੀ ਹੀ ਬਰਕਰਾਰ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਮੁਠੱਡਾ, ਭਾਈ ਡੱਲੇਵਾਲ ਤੇ ਸ਼ਹੀਦ ਪਰਿਵਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।

ਕੈਨੇਡਾ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਘਟੀ ਗਿਣਤੀ

ਚੰਡੀਗੜ੍ਹ: ਕੈਨੇਡਾ 'ਚ ਪੜ੍ਹਾਈ ਲਈ ਆਉਣ ਵਾਲੇ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 2022 ਅਤੇ 2023 ਦੇ ਮੁਕਾਬਲੇ 2024 ਅਤੇ 2025 'ਚ ਘਟੀ ਹੈ। ਇਨ੍ਹਾਂ 'ਚ ਪੰਜਾਬੀ ਵਿਦਿਆਰਥੀਆਂ ਦਾ ਵੱਡਾ ਹਿੱਸਾ ਵੀ ਸ਼ਾਮਿਲ ਹੈ। ਇਮੀਗ੍ਰੇਸ਼ਨ, ਰੈਫ਼ਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2022 'ਚ ਭਾਰਤੀ ਵਿਦਿਆਰਥੀਆਂ ਨੂੰ ਲਗਭਗ 225,835 ਸਟੱਡੀ ਪਰਮਿਟਸ ਜਾਰੀ ਕੀਤੇ ਗਏ ਸਨ ਜਦਿਕ 2023 'ਚ ਇਹ ਗਿਣਤੀ ਵਧ ਕੇ 278,005 ਹੋ ਗਈ ਸੀ, ਪਰ ਸਾਲ 2024 'ਚ ਭਾਰਤੀਆਂ ਨੂੰ ਸਿਰਫ਼ 188,255 ਅਤੇ 2025 'ਚ ਇੱਕ ਅੰਦਾਜ਼ੇ ਅਨੁਸਾਰ ਸਿਰਫ਼ 90,454 ਭਾਰਤੀਆਂ ਨੂੰ ਹੀ ਪੜ੍ਹਾਈ ਦੇ ਪਰਮਿਟਸ ਜਾਰੀ ਕੀਤੇ ਗਏ ਜੋ 2023 ਨਾਲੋਂ ਤੀਜੇ ਹਿੱਸੇ ਤੋਂ ਵੀ ਘੱਟ ਹਨ।

ਜਨਵਰੀ ਤੋਂ ਅਗਸਤ 2025 ਤਕ ਸਿਰਫ਼ 9,995 ਭਾਰਤੀਆਂ ਨੂੰ ਹੀ ਪੜ੍ਹਾਈ ਦੀ ਇਜਾਜ਼ਤ ਮਿਲੀ ਸੀ ਜਦ ਕਿ ਇਸੇ ਮਿਆਦ 'ਚ 2023 'ਚ 149,875 ਵਿਦਿਆਰਥੀਆਂ ਨੂੰ ਇਹ ਇਜਾਜ਼ਤ ਮਿਲੀ ਸੀ। ਇਸ ਗਿਰਾਵਟ ਦਾ ਕਾਰਨ ਜਨਵਰੀ 2024 'ਚ ਲਾਗੂ ਕੀਤੇ ਗਏ ਨਵੇਂ ਨਿਯਮ, ਧੋਖਾਧੜੀ ਦੀ ਜਾਂਚ, ਵਿੱਤੀ ਜ਼ਰੂਰਤਾਂ 'ਚ ਵਾਧਾ ਅਤੇ ਭਾਰਤ-ਕੈਨੇਡਾ ਵਿਚਕਾਰ ਕੂਟਨੀਤਕ ਤਨਾਅ ਵੀ ਹਨ। ਭਾਰਤੀ ਵਿਦਿਆਰਥੀਆਂ 'ਚ 50 ਤੋਂ 60 ਫ਼ੀਸਦੀ ਹਿੱਸਾ ਪੰਜਾਬੀਆਂ ਦਾ ਹੁੰਦਾ ਹੈ। ਇਸੇ ਤਰ੍ਹਾਂ ਕੈਨੇਡਾ ਤੋਂ ਵਾਪਸੀ ਕਰਨ ਵਾਲਿਆਂ ਦੀ ਗਿਣਤੀ ਵੀ ਵਧੀ ਹੈ ਜਦਕਿ ਕੈਨਡਾ 'ਚ ਭਾਰਤੀਆਂ ਨੂੰ ਸ਼ਰਨ ਮਿਲਣ ਦੇ ਆਸਾਰ ਵੀ ਘਟੇ ਹਨ।

12 Beds, 7 Baths For 24 Guests 905-965-4644
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਸਸਤੀਆਂ ਹਵਾਈ ਟਿਕਟਾਂ 905-595-1700

UK 'ਚ ਕੌਮੀ ਜਾਂਚ ਇੱਕ ਛੱਤਰੀ ਹੇਠ ਲਿਆਉਣ ਲਈ British FBI ਬਣਾਉਣ ਦੀ ਤਿਆਰੀ

ਲੰਡਨ: ਬ੍ਰਿਟਿਸ਼ ਸਰਕਾਰ ਨੇ ਐਤਵਾਰ ਨੂੰ ਕਿਹਾ ਕਿ ਉਹ ਇਸ ਹਫ਼ਤੇ ਇੱਕ ਨਵਾਂ ਕੌਮੀ ਪੁਲੀਸ ਬਲ ਬਣਾਉਣ ਦੀਆਂ ਯੋਜਨਾਵਾਂ ਬਾਰੇ ਖ਼ੁਲਾਸਾ ਕਰੇਗੀ ਜਿਸ ਨੂੰ British FBI ਕਿਹਾ ਜਾਵੇਗਾ। ਇਹ ਪੁਲੀਸ ਬਲ ਅਤਿਵਾਦ ਵਿਰੋਧੀ, ਧੋਖਾਧੜੀ, ਔਨਲਾਈਨ ਬਾਲ ਸ਼ੋਸ਼ਣ ਅਤੇ ਅਪਰਾਧਿਕ ਗਿਰੋਹਾਂ ਵਰਗੀਆਂ ਗੁੰਝਲਦਾਰ ਜਾਂਚਾਂ ਦੀ ਜ਼ਿੰਮੇਵਾਰੀ ਸੰਭਾਲੇਗਾ।

ਰਾਸ਼ਟਰੀ ਪੁਲੀਸ ਸੇਵਾ ਅਤਿਵਾਦ ਅਤੇ ਅਪਰਾਧ ਨਾਲ ਨਜਿੱਠਣ ਵਾਲੀਆਂ ਮੌਜੂਦਾ ਏਜੰਸੀਆਂ, ਪੁਲੀਸ ਹੈਲੀਕੌਪਟਰਾਂ ਅਤੇ ਸੜਕਾਂ ਦੀ ਪੁਲੀਸਿੰਗ, ਅਤੇ ਇੰਗਲੈਂਡ ਅਤੇ ਵੇਲਜ਼ 'ਚ ਖੇਤਰੀ ਸੰਗਠਿਤ ਅਪਰਾਧ ਇੱਕਾਈਆਂ ਦੇ ਕੰਮ ਨੂੰ ਇੱਕੋ ਛੱਤਰੀ ਹੇਠ ਲਿਆਏਗੀ। ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਨਵੀਂ ਸੰਸਥਾ ਇੰਗਲੈਂਡ ਅਤੇ ਵੇਲਜ਼ 'ਚ 43 ਸਥਾਨਕ ਪੁਲੀਸ ਬਲਾਂ 'ਤੇ ਬੋਝ ਨੂੰ ਘਟਾਏਗੀ ਜਿਸ ਨਾਲ ਉਨ੍ਹਾਂ ਨੂੰ ਆਪਣੇ ਅਧਿਕਾਰ ਖੇਤਰਾਂ 'ਚ ਰੋਜ਼ਾਨਾ ਹੋਣ ਵਾਲੇ ਅਪਰਾਧਾਂ 'ਤੇ ਧਿਆਨ ਕੇਂਦਰਤ ਕਰਨ 'ਚ ਮਦਦ ਮਿਲੇਗੀ।

ਮਹਿਮੂਦ ਨੇ ਕਿਹਾ, "ਕੁਝ ਸਥਾਨਕ ਬਲਾਂ ਕੋਲ ਧੋਖਾਧੜੀ, ਔਨਲਾਈਨ ਬਾਲ ਸ਼ੋਸ਼ਣ ਜਾਂ ਸੰਗਠਿਤ ਅਪਰਾਧਿਕ ਗਰੋਹਾਂ ਵਰਗੇ ਗੁੰਝਲਦਾਰ ਆਧੁਨਿਕ ਅਪਰਾਧਾਂ ਨਾਲ ਲੜਨ ਲਈ ਲੋੜੀਂਦੇ ਹੁਨਰ ਜਾਂ ਸਰੋਤਾਂ ਦੀ ਘਾਟ ਹੈ।" ਉਨ੍ਹਾਂ ਕਿਹਾ ਕਿ ਮੌਜੂਦਾ ਮਾਡਲ ਇੱਕ ਵੱਖਰੀ ਸਦੀ ਲਈ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਨਵੀਂ ਸੰਸਥਾ ਆਲਮੀ ਪ੍ਰਤਿੱਭਾ ਨੂੰ ਆਕਰਸ਼ਿਤ ਕਰੇਗੀ ਅਤੇ ਨਾਲ ਹੀ ਖ਼ਰੀਦ ਨੂੰ ਕੌਮੀ ਬਲ 'ਚ ਤਬਦੀਲ ਕਰ ਕੇ ਲਾਗਤਾਂ ਨੂੰ ਘਟਾਉਣ 'ਚ ਮਦਦ ਕਰੇਗੀ।

ਸਸਤੀਆਂ ਹਵਾਈ ਟਿਕਟਾਂ 905-595-1700

ਕੈਲਗਰੀ 'ਚ ਮਸ਼ਹੂਰ ਪੰਜਾਬੀ ਗਾਇਕ ਦੇ ਘਰ 'ਤੇ ਗੈਂਗਸਟਰਾਂ ਨੇ ਚਲਾਈਆਂ ਗੋਲੀਆਂ

ਕੈਲਗਰੀ: ਕੈਨੇਡਾ ਦੇ ਕੈਲਗਰੀ 'ਚ ਉਸ ਸਮੇਂ ਸਨਸਨੀ ਫ਼ੈਲ ਗਈ ਜਦੋਂ 24 ਜਨਵਰੀ 2026 ਦੀ ਰਾਤ ਤਕਰੀਬਨ 10: 30 ਵਜੇ ਮਸ਼ਹੂਰ ਪੰਜਾਬੀ ਗਾਇਕ ਅਤੇ ਕਲਾਕਾਰ ਵੀਰ ਦਵਿੰਦਰ ਦੇ ਘਰ 'ਤੇ ਗੈਂਗਸਟਰਾਂ ਵਲੋਂ ਤਾੜ-ਤਾੜ ਗੋਲੀਆਂ ਚਲਾ ਦਿੱਤੀਆਂ ਗਈਆਂ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਕੈਲਗਰੀ ਦੀ ਪੁਲੀਸ ਮੌਕੇ 'ਤੇ ਪਹੁੰਚ ਗਈ। ਜਾਣਕਾਰੀ ਮੁਤਾਬਿਕ ਹਮਲਾਵਰਾਂ ਵਲੋਂ ਵੀਰ ਦਵਿੰਦਰ ਤੋਂ ਪੰਜ ਲੱਖ ਡਾਲਰਾਂ ਦੀ ਫ਼ਿਰੌਤੀ ਦੀ ਮੰਗ ਵੀ ਕੀਤੀ ਗਈ ਸੀ।

ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਗਾਇੱਕ ਵੀਰ ਦਵਿੰਦਰ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲੀ ਧਮਕੀ ਭਰੀ ਕਾਲ 6 ਜਨਵਰੀ 2026 ਨੂੰ ਆਈ ਸੀ। ਅੰਡਾ (ਬਟਾਲਾ) ਨਾਮ ਦੇ ਇੱਕ ਵਿਅਕਤੀ ਵਲੋਂ ਪਹਿਲੀ ਫ਼ੋਨ ਕਾਲ ਕੀਤੀ ਗਈ ਸੀ। ਉਸ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਵਲੋਂ ਉਸ ਦੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਫ਼ਿਰੌਤੀ ਮੰਗਣ 'ਤੇ ਵੀਰ ਦਵਿੰਦਰ ਨੇ ਸਾਫ਼ ਕਿਹਾ ਕਿ ਉਸ ਕੋਲ ਪੈਸੇ ਨਹੀਂ, ਅਤੇ ਉਹ ਰਕਮ ਨਹੀਂ ਦੇ ਸਕਦਾ। ਮੁਲਜ਼ਮਾਂ ਨੇ ਧਮਕੀ ਦਿੱਤੀ ਗਈ ਕਿ ਜੇਕਰ ਉਸ ਨੇ ਪੈਸੇ ਨਹੀਂ ਦਿੱਤੇ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ ਜਿਸ 'ਤੇ ਵੀਰ ਦਵਿੰਦਰ ਨੇ ਕਿਹਾ, "ਮਾਰ ਦਿਓ।"ਜਾਣਕਾਰੀ ਮੁਤਾਬਿਕ ਜਿਸ ਸਮੇਂ ਘਰ 'ਤੇ ਗੋਲੀਬਾਰੀ ਹੋਈ, ਉਸ ਸਮੇਂ ਘਰ 'ਚ ਕੋਈ ਵੀ ਮੌਜੂਦ ਨਹੀਂ ਸੀ। ਗੋਲੀਆਂ ਵਾਸ਼ਰੂਮ ਅਤੇ ਬੈੱਡਰੂਮ ਦੀਆਂ ਦੀਵਾਰਾਂ ਨੂੰ ਆਰ-ਪਾਰ ਕਰ ਗਈਆਂ। ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ, ਪਰ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਦੂਜੇ ਪਾਸੇ ਪੁਲੀਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਿਕ ਦੋ ਵਿਅਕਤੀ ਮੌਕੇ 'ਤੇ ਆਏ ਸਨ, ਇੱਕ ਗੋਲੀਆਂ ਚਲਾ ਰਿਹਾ ਸੀ ਅਤੇ ਦੂਜਾ ਵੀਡੀਓ ਬਣਾ ਰਿਹਾ ਸੀ। ਇਹ ਸਾਰੀ ਜਾਣਕਾਰੀ ਕਲਾਕਾਰ ਵੀਰ ਦਵਿੰਦਰ ਨੇ ਖ਼ੁਦ ਸਾਂਝੀ ਕੀਤੀ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 905-450-5600
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

ਫ਼ਿਲਮੀ ਅੰਦਾਜ਼ 'ਚ SUV ਸਮੇਤ ਦੁਕਾਨ 'ਚ ਵੜੇ ਲੁਟੇਰੇ 10 ਕਰੋੜ ਦੀ ਜਿਊਲਰੀ ਲੈ ਕੇ ਫ਼ਰਾਰ

ਸੈਨ ਹੋਜ਼ੇ: ਇੱਕ ਭਿਆਨਕ ਅਤੇ ਹੈਰਾਨ ਕਰਨ ਵਾਲਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਵੀਡੀਓ ਦੇਖ ਕੇ ਲੋਕ ਹੈਰਾਨ ਅਤੇ ਡਰੇ ਹੋਏ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਅਮਰੀਕਾ ਦੇ ਕੈਲੇਫ਼ੋਰਨੀਆ ਦੇ ਐਨਾਹਾਈਮ ਹਿੱਲਜ਼ ਖੇਤਰ 'ਚ ਵਾਪਰੀ, ਜਿੱਥੇ ਦਿਨ-ਦਿਹਾੜੇ ਇੱਕ ਗਹਿਣਿਆਂ ਦੀ ਦੁਕਾਨ 'ਚ ਫ਼ਿਲਮੀ ਅੰਦਾਜ਼ 'ਚ ਡਾਕਾ ਪਿਆ। ਘਟਨਾ 'ਚ ਨਕਾਬਪੋਸ਼ ਅਪਰਾਧੀਆਂ ਨੇ ਕਾਨੂੰਨ ਅਤੇ ਸੁਰੱਖਿਆ ਪ੍ਰਣਾਲੀ ਨੂੰ ਖੁੱਲ੍ਹੇਆਮ ਚੁਣੌਤੀ ਦਿੱਤੀ, ਅਤੇ ਆਪਣੀ ਕਾਰ 'ਤੇ ਗਹਿਣਿਆਂ ਦੀ ਦੁਕਾਨ 'ਚ ਦਾਖਲ ਹੋਏ ਅਤੇ ਲੱਖਾਂ ਡਾਲਰਾਂ ਦੇ ਗਹਿਣੇ ਚੋਰੀ ਕਰ ਲਏ। ਇਹ ਸਾਰੀ ਘਟਨਾ ਸਟੋਰ ਦੇ CCTV ਕੈਮਰਿਆਂ 'ਚ ਰਿਕਾਰਡ ਹੋ ਗਈ ਜੋ ਹੁਣ ਤੇਜ਼ੀ ਨਾਲ ਇੰਟਰਨੈੱਟ 'ਤੇ ਵਾਇਰਲ ਹੋ ਰਹੀ ਹੈ।

SUV ਨਾਲ ਸ਼ੀਸ਼ਾ ਤੋੜ ਕੇ ਸਿੱਧੇ ਸਟੋਰ 'ਚ ਵੜੇ ਲੁਟੇਰੇ: ਵਾਇਰਲ ਵੀਡੀਓ ਦੀ ਸ਼ੁਰੂਆਤ 'ਚ ਦੋ ਲੋਕਾਂ ਨੂੰ ਗਹਿਣਿਆਂ ਦੀ ਦੁਕਾਨ ਦੇ ਅੰਦਰ ਚੁੱਪ-ਚਾਪ ਬੈਠੇ ਦੇਖਿਆ ਜਾ ਸਕਦਾ ਹੈ। ਇੱਕ SUV ਸਟੋਰ ਦੇ ਬਾਹਰ ਖੜ੍ਹੀ ਦਿਖਾਈ ਦੇ ਰਹੀ ਹੈ ਜਿਸ ਦਾ ਮੂੰਹ ਸ਼ੀਸ਼ੇ ਦੇ ਮੁੱਖ ਦਰਵਾਜ਼ੇ ਵੱਲ ਹੈ। ਕੁੱਝ ਸਕਿੰਟਾਂ ਬਾਅਦ ਗੱਡੀ ਅਚਾਨਕ ਤੇਜ਼ ਰਫ਼ਤਾਰ ਨਾਲ ਸਟੋਰ 'ਚ ਜਾ ਵੜੀ ਜਿਸ ਨਾਲ ਸ਼ੀਸ਼ੇ ਦਾ ਦਰਵਾਜ਼ਾ ਇੱਕ ਜ਼ੋਰਦਾਰ ਟੱਕਰ ਨਾਲ ਤੋੜ ਦਿੱਤਾ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਸ਼ੀਸ਼ੇ ਦਾ ਦਰਵਾਜ਼ਾ ਪੂਰੀ ਤਰ੍ਹਾਂ ਟੁੱਟ ਗਿਆ, ਅਤੇ ਉਸ ਦਾ ਪੂਰਾ ਫ਼ਰੇਮ ਉਖੜ ਗਿਆ। ਇਸ ਅਚਾਨਕ ਘਟਨਾ ਨੇ ਸਟੋਰ ਦੇ ਅੰਦਰ ਮੌਜੂਦ ਲੋਕਾਂ ਨੂੰ ਪੂਰੀ ਤਰ੍ਹਾਂ ਡਰਾ ਦਿੱਤਾ।

ਕਾਲੇ ਰੰਗ ਦੇ ਕੱਪੜਿਆਂ 'ਚ ਨਕਾਬਪੋਸ਼ਾਂ ਨੇ ਸਕਿੰਟਾਂ 'ਚ ਸਾਫ਼ ਕੀਤਾ ਸਟੋਰ: ਉਸ ਤੋਂ ਤੁਰੰਤ ਬਾਅਦ ਤਿੰਨ ਨਕਾਬਪੋਸ਼ ਸ਼ੱਕੀ ਪੂਰੀ ਤਰ੍ਹਾਂ ਕਾਲੇ ਰੰਗ ਦੇ ਕੱਪੜੇ ਪਹਿਨ ਕੇ ਤੇਜ਼ੀ ਨਾਲ ਸਟੋਰ 'ਚ ਦਾਖਲ ਹੁੰਦੇ ਹਨ, ਅਤੇ ਗਹਿਣਿਆਂ ਵਾਲੇ ਸ਼ੀਸ਼ੇ ਦੇ ਡਿਸਪਲੇਅ ਕੇਸਾਂ ਨੂੰ ਤੋੜਨਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਦੇ ਹੱਥ ਬਹੁਤ ਤੇਜ਼ੀ ਨਾਲ ਹਿਲਦੇ ਦਿਖਾਈ ਦਿੰਦੇ ਹਨ ਜੋ ਦਰਸਾਉਂਦਾ ਹੈ ਕਿ ਸਾਰੀ ਡਕੈਤੀ ਪਹਿਲਾਂ ਤੋਂ ਯੋਜਨਾਬੱਧ ਸੀ। ਇੱਕ ਹੋਰ ਸ਼ੱਕੀ ਟੁੱਟੇ ਹੋਏ ਦਰਵਾਜ਼ੇ ਦੇ ਕੋਲ ਖੜ੍ਹਾ ਹੈ, ਅਤੇ ਦੂਜਿਆਂ ਨੂੰ ਸੁਚੇਤ ਕਰਨ ਲਈ ਨਜ਼ਰ ਰੱਖਦਾ ਹੈ ਕਿ ਕੋਈ ਨੇੜੇ ਆਉਂਦਾ ਹੈ ਜਾਂ ਨਹੀਂ। ਕੁੱਝ ਹੀ ਪਲਾਂ 'ਚ ਸ਼ੱਕੀ ਕੀਮਤੀ ਗਹਿਣਿਆਂ ਨਾਲ ਭਰੇ ਬੈਗਾਂ ਨਾਲ ਮੌਕੇ ਤੋਂ ਭੱਜ ਜਾਂਦੇ ਹਨ।

ਕਰੀਬ 10 ਕਰੋੜ ਰੁਪਏ ਦੇ ਗਹਿਣੇ ਲੁੱਟੇ: ਮੀਡੀਆ ਰਿਪੋਰਟਾਂ ਅਨੁਸਾਰ ਅਪਰਾਧੀ ਲਗਭਗ ਇੱਕ ਮਿਲੀਅਨ ਡਾਲਰਾਂ ਦੇ ਗਹਿਣੇ ਲੈ ਕੇ ਭੱਜ ਗਏ। ਹਾਲਾਂਕਿ ਪੁਲੀਸ ਨੇ ਅਜੇ ਤਕ ਅਧਿਕਾਰਿਕ ਤੌਰ 'ਤੇ ਲੁੱਟ ਦੀ ਰਕਮ ਦੀ ਪੁਸ਼ਟੀ ਨਹੀਂ ਕੀਤੀ।

ਸਟੋਰ ਅੰਦਰ ਮੌਜੂਦ ਸ਼ਖਸ ਦੀ ਪ੍ਰਤੀਕਿਰਿਆ ਵੀ ਹੈਰਾਨ ਕਰਨ ਵਾਲੀ: ਵੀਡੀਓ 'ਚ ਸਟੋਰ ਦੇ ਅੰਦਰ ਇੱਕ ਵਿਅਕਤੀ ਖੜ੍ਹਾ ਦਿਖਾਈ ਦੇ ਰਿਹਾ ਹੈ। ਉਸ ਨੇ ਇੱਕ ਮੋਬਾਈਲ ਫ਼ੋਨ ਫ਼ੜਿਆ ਹੋਇਆ ਹੈ, ਪਰ ਉਹ ਕੁੱਝ ਪਲਾਂ ਲਈ ਹੈਰਾਨ ਰਹਿ ਜਾਂਦਾ ਹੈ ਜਿਵੇਂ ਉਸ ਨੂੰ ਸਮਝ ਨਾ ਆ ਰਹੀ ਹੋਵੇ ਕਿ ਉਸ ਦੇ ਸਾਹਮਣੇ ਕੀ ਵਾਪਰ ਰਿਹਾ ਹੈ। ਉਸ ਦ੍ਰਿਸ਼ ਨੂੰ ਵੀਡੀਓ 'ਚ ਸਭ ਤੋਂ ਹੈਰਾਨ ਕਰਨ ਵਾਲਾ ਮੰਨਿਆ ਜਾ ਰਿਹਾ ਹੈ।

ਸੁਰੱਖਿਆ ਵਿਵਸਥਾ 'ਤੇ ਸਵਾਲ: ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ ਉਪਭੋਗਤਾ ਲਗਾਤਾਰ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਉਠਾ ਰਹੇ ਹਨ। ਬਹੁਤ ਸਾਰ